G-5
30/11/2015

2090
30/11/2015

ਦਫਤਰ : ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ,ਐਸ.ਏ.ਐਸ.ਨਗਰ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜਿਲ, ਫੇਜ-8 ਐਸ.ਏ.ਐਸ ਨਗਰ
(ਵਜੀਫਾ ਸਾਖਾ)

ਸੇਵਾ ਵਿਖੇ

ਸਮੂਹ ਜਿਲ੍ਹਾਂ ਸਿੱਖਿਆ ਅਫਸਰ(ਸੈਸਿ)।
ਮੀਮੋ ਨੰਬਰ:- 9/3-2014-15 ਵਜੀਫਾ(3)
ਮਿਤੀ: ਐਸ.ਏ.ਐਸ.ਨਗਰ 30-11-2015

ਵਿਸ਼ਾ:- ਆਸੀਰਵਾਦ ਪੋਰਟਲ ਵਿੱਚ ਸਾਲ 2015-16 ਵਿੱਚ ਰਜਿਸਟਰਡ ਸਰਕਾਰੀ ਪ੍ਰਾਈਵੇਟ/ਏਡਿਡ ਸਕੂਲਾ ਦੀ ਚੈਕਿੰਗ ਸਬੰਧੀ।

ਉਪਰੋਕਤ ਵਿਸੇ ਸਬੰਧੀ ਲਿਖਿਆ ਜਾਂਦਾ ਹੈ ਕਿ ਪੋਸਟ ਮੈਟ੍ਰਿਕ ਟੂ ਐਸ.ਸੀ/ਓ.ਬੀ.ਸੀ ਸਕੀਮਾਂ ਦੇ ਬੈਨੀਫਿਟ ਲੈਣ ਵਾਲੇ ਵਿਦਿਆਰਥੀਆਂ ਦੀ ਆਸੀਰਵਾਦ ਪੋਰਟਲ ਤੇ ਲਈਆ ਜਾ ਰਹੀਆ ਫੀਸਾ ਸਬੰਧੀ ਵਿਸੇਸ ਕਾਰਜ ਅਫਸਰ ਵਜੀਫਾ,ਡਿਪਟੀ ਡਾਇਰੈਕਟਰ ਸਪੋਰਟਸ ਅਤੇ ਬ੍ਰਾਂਚ ਨਾਲ ਸਬੰਧਤ ਵਜੀਫੇ ਦੇ ਡੀਲਿੰਗ ਹੈਡ ਵਲੋ ਆਪ ਦੇ ਜਿ.ਲ੍ਹੇ ਦੇ ਸਾਰੇ ਸਰਕਾਰੀ /ਮਾਨਤਾ ਪ੍ਰਾਪਤ/ ਪ੍ਰਾਈਵੇਟ/ਪ੍ਰਾਈਵੇਟ ਏਡਿਡ ਜੋ ਪੋਰਟਲ ਵਿੱਚ ਰਜਿਸਟਰਡ ਹਨ ਕੁਝ ਸਕੂਲਾਂ ਦੀ ਚੈਕਿੰਗ ਹੈਡ ਆਫਿਸ ਦੀ ਸਬੰਧਤ ਟੀਮ ਵਲੋਂ ਕਿਸੇ ਵੀ ਦਿਨ ਕੀਤੀ ਜਾਵੇਗੀ, ਚੈਕਿੰਗ ਸਬੰਧੀ ਮਿੱਤੀ ਆਪ ਨੂੰ ਇੱਕ ਦਿਨ ਪਹਿਲਾ ਦੱਸ ਦਿੱਤੀ ਜਾਵੇਗੀ । ਆਪ ਹੇਠ ਲਿਖੇ ਮੁੱਦੀਆ ਦਾ ਪ੍ਰੋਫਾਰਮਾ,ਹਾਰਡ ਕਾਪੀ ਅਤੇ ਸਾਫਟ ਕਾਪੀ ਵਿੱਚ ਤਿਆਰ ਕਰਕੇ ਰੱਖਣ ਹੇਠ ਲਿਖੇ ਮੁੱਦੀਆ ਸਬੰਧੀ ਚੈਕਿੰਗ ਕੀਤੀ ਜਾਂਣੀ ਹੈ:

1) ਵਿਦਿਆਰਥੀਆਂ ਦੀ ਹਾਜਰੀ ਅਤੇ ਲਏ ਜਾਣ ਵਾਲੇ ਫੀਸ/ ਫੰਡ 11ਵੀਂ ਅਤੇ 12ਵੀਂ ਦੇ ਚੱਲ ਰਹੇ ਗਰੁੱਪ ਕੋਰਸਿਸ ਅਤੇ ਸਕੂਲ ਦੇ ਕੁੱਲ ਵਿਦਿਆਰਥੀਆਂ ਦੀ ਗਿਣਤੀ, ਸਪੋਰਟਸ ਫੰਡ।
2) ਪੋਰਟਲ ਵਿੱਚ ਅਪਰੂਵ ਕਰਵਾਈ ਫੀਸ / ਫੰਡ ਅਤੇ ਹਾਰਡ ਕਾਪੀਆਂ ਵਿੱਚ ਸਕੂਲ ਵੱਲੋਂ ਜੋ ਕਲੇਮ ਭਰੇ ਗਏ ਹਨ ਉਹਨਾਂ ਦਾ ਮਿਲਾਣ ਕਰਨਾ ਹੈ ।
3) ਵਜੀਫੇ ਸਬੰਧੀ ਰਜਿਸਟਰ ਦੀ ਮੈਨਟੀਨੈਸ ਅਤੇ ਫੰਡਾ ਸਬੰਧੀ।
4) ਵਿਦਿਆਰਥੀਆਂ ਦਾ ਰਿਜਲਟ ਰਜਿਸਟਰ।
5) ਪ੍ਰਾਈਵੇਟ / ਏਡਿਡ ਸਕੂਲਾਂ ਨੂੰ ਪ੍ਰਾਪਤ ਹੋਣ ਵਾਲੀ ਗ੍ਰਾਟ ਦੀ ਵਰਤੋਂ ,ਰੱਖੇ ਅਧਿਆਪਕਾ ਦੀ ਗਿਣਤੀ ।
6) ਪ੍ਰਾਈਵੇਟ ਸਕੂਲਾਂ ਵਿੱਚ ਪਹਿਲੀ ਕਲਾਸ ਤੋ ਪੰਜਾਬੀ ਅਤੇ ਤੀਜੀ ਕਲਾਸ ਤੋ ਹਿੰਦੀ ਪੜ੍ਹਾਉਣਾ ਲਾਜਮੀ ਹੈ ਨੂੰ ਵੀ ਚੈਕ ਕੀਤਾ ਜਾਵੇਗਾ।
7) ਸਾਲ 2015-16 ਵਿੱਚ ਕੁੱਲ ਵਿਦਿਆਰਥੀਆਂ ਦੀ ਇੰਨਰੋਲਮੈਟ ਐਸ.ਸੀ./ ਓ.ਬੀ.ਸੀ.
8) ਸਾਲ 2015.16 ਵਿੱਚ ਆਸੀਰਵਾਦ ਪੋਰਟਲ ਸਕੀਮ ਤਹਿਤ ਬੱਚਿਆ ਦੀ ਸਕਾਲਰਸਿਪ ਲਈ ਕਲੇਮਾਂ ਦੇ ਸਬੰਧਤ ਡਾਕੂਮੈਂਟ ਦੀਆਂ ਹਾਰਡ ਅਤੇ ਸਾਫਟ ਕਾਪੀਆ।
9) ਆਸੀਰਵਾਦ ਪੋਰਟਲ ਉਤੇ ਸਕੂਲ ਵੱਲੋਂ ਪ੍ਰਤੀ ਵਿਦਿਆਰਥੀ ਫੀਸ +1 ਅਤੇ +2 ਵੱਲੋਂ ਕਿੰਨੀ ਭਰੀ ਗਈ ਹੈ।
10) ਪੋਸਟ ਮੈਟ੍ਰਿਕ ਟੂ ਐਸ.ਸੀ/ਓ.ਬੀ.ਸੀ ਸਕੀਮਾ ਸਬੰਧੀ ਸਾਲ 2014-15 ਵਿੱਚ ਪੋਰਟਲ ਤੇ ਰਜਿਸਟਰਡ ਫੀਸਾ ਵੀ ਚੈਕ ਕੀਤੀਆ ਜਾਣ।

ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ)

ਪਿਠ ਅੰਕਣ ਨੰ: ਉਕਤ ਮਿਤੀ ਉਕਤ

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1 ਪੀ.ਏ/ਡੀ.ਪੀ.ਆਈ(ਸੈ:ਸਿ:), ਪੰਜਾਬ।
2 ਡਿਪਟੀ ਡਾਇਰੈਕਟਰ ਸਪੋਰਟਸ ਨੂੰ ਉਪਰੋਕਤ ਦਰਸਾਏ ਅਨੁਸਾਰ ਮਾਨਯੋਗ ਡੀ.ਪੀ.ਆਈ. (ਸੈ:ਸਿ) ਜੀ ਦੇ ਹੁਕਮ ਅਨੁਸਾਰ ਚੈਕਿੰਗ ਤੇ ਜਾਣ ਲਈ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।
3 ਡਿਪਟੀ ਡਾਇਰੈਕਟਰ ਪ੍ਰਾਈਵੇਟ ਏਡਿਡ ਨੂੰ ਸੂਚਨਾਂ ਅਤੇ ਉਚੇਚੇ ਤੌਰ ਤੇ ਕੋਈ ਚੇਕਿੰਗ ਸਬੰਧੀ ਟਿੱਪਣੀ ਦੇਣ ਬਾਰੇ।
4. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ) ਜਾਰੀ

ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ)

ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ ਸਿ) ਬਠਿੰਡਾ
ਪੀ.ਐ.ਸੈ. ਬੀ-5/11/2015/2090 ਮਿਤੀ 01/12/15

ਉਪਰੋਕਤ ਦਾ ਉਤਾਰਾ ਸਮੂਹ ਪ੍ਰਿੰਸੀਪਲ ਸਰਕਾਰੀ/ਮਾਨਤਾ ਪ੍ਰਾਪਤ/ਪ੍ਰਾਈਵੇਟ/ਪ੍ਰਾਈਵੇਟ ਏਡਿਡ ਸਕੂਲਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ, ਮੁੱਖ ਦਫਤਰ ਦੀ ਸਬੰਧਤ ਟੀਮ ਵੱਲੋਂ ਕਿਸੇ ਵੀ ਦਿਨ ਚੈਕਿੰਗ ਕੀਤੀ ਜਾਣੀ ਹੈ, ਇਸ ਲਈ ਉਕਤ ਮੁੱਦਿਆਂ ਦਾ ਪ੍ਰੋਫਾਰਮਾ, ਹਾਰਡ ਕਾਪੀ ਅਤੇ ਸਾਫਟ ਕਾਪੀ ਤਿਆਰ ਕੀਤੀ ਜਾਵੇ।

1/12/15
ਜ਼ਿਲਾ ਸਿੱਖਿਆ ਅਫਸਰ (ਸੈ ਸਿ)
ਬਠਿੰਡਾ 01/12/15